28-Oct-Punjab-3Star.qxd 10/28/2025 8:21 PM Page 3

ਗੁਰੂ ਤੇਗ਼ ਬਹਾਦਰ ਜੀ ਦੇ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਕੀਰਤਨ ਦਰਬਾਰ

ਭਾਈ ਮਨਜਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਾਲਿਆਂ ਦਾ ਜਥਾ ਕੀਰਤਨ ਕਰਦੇ ਹੋਏ। ਨਾਲ ਦੀ ਤਸਵੀਰ 'ਚ ਭਾਈ ਬਘੇਲ ਸਿੰਘ ਗੁਰਬਾਣੀ ਸ਼ਬਦ ਦੀ ਕਥਾ ਕਰਦੇ ਹੋਏ। ਤਸਵੀਰਾਂ-ਜਰਨੈਲ ਸਿੰਘ ਪੱਟੀ

ਆਲਮਗੀਰ, 28 ਅਕਤੂਬਰ (ਜਰਨੈਲ ਸਿੰਘ ਪੱਟੀ)-ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਪਾਤਿਸ਼ਾਹੀ ਦਸਵੀਂ ਆਲਮਗੀਰ ਵਿਖੇ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ 'ਚ ਹਫਤਾਵਾਰੀ ਕੀਰਤਨ ਦੀ ਲੜੀ ਤਹਿਤ ਭਾਈ ਮਨਜਿੰਦਰ ਸਿੰਘ ਹਜ਼ੂਰੀ ਰਾਗੀ ਸ੍ਰੀ ਫ਼ਤਹਿਗੜ੍ਹ ਸਾਹਿਬ ਵਾਲਿਆਂ ਦੇ ਜਥੇ ਨੇ ਕੀਰਤਨ ਦੀ ਹਾਜ਼ਰੀ ਭਰ ਕੇ ਸੰਗਤ ਨੂੰ ਨਿਹਾਲ ਕੀਤਾ। ਇਸ ਮੌਕੇ ਅੰਮ੍ਰਿਤ ਵੇਲੇ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਏ ਗਏ, ਉਪਰੰਤ ਸਾਰਾ ਦਿਨ ਰਾਗੀ, ਢਾਡੀ, ਕਵੀ, ਕਵੀਸ਼ਰੀ ਅਤੇ ਕੀਰਤਨੀ ਜਥਿਆਂ ਨੇ ਗੁਰੂ ਜੱਸ ਗਾ ਕੇ ਸੰਗਤ ਨੂੰ ਨਿਹਾਲ ਕੀਤਾ। ਇਸ ਦੌਰਾਨ ਕਥਾਵਾਚਕ ਭਾਈ ਬਘੇਲ ਸਿੰਘ ਨੇ ਗੁਰਬਾਣੀ ਸ਼ਬਦ ਦੀ ਕਥਾ ਕਰਦਿਆਂ ਸੰਗਤ ਨੂੰ ਦੱਸਿਆ ਕਿ ਨਾਮ ਬਾਣੀ ਬਿਨਾਂ ਜੀਵਨ ਵਿਅਰਥ ਹੈ ਅਤੇ ਗੁਰਬਾਣੀ ਨਾਲ ਜੁੜੇ ਪ੍ਰਾਣੀ ਦੇ ਕਾਰਜ ਵਾਹਿਗੁਰੂ ਆਪ ਸਹਾਈ ਹੋ ਕੇ ਸੰਪੂਰਨ ਕਰਦਾ ਹੈ। ਸਮਾਗਮ ਦੌਰਾਨ ਰਾਗੀ, ਢਾਡੀ ਤੇ ਕੀਰਤਨੀ ਜਥਿਆਂ ਨੂੰ ਗੁਰੂ ਘਰ ਦੀ ਦਾਤ ਸਿਰੋਪਾਉ ਗੁਰਦੁਆਰਾ ਮੈਨੇਜਰ ਹਰਦੀਪ ਸਿੰਘ ਗਿੱਲ ਚੁਗਾਵਾਂ, ਮੁੱਖ ਗ੍ਰੰਥੀ ਭਾਈ ਬਲਵਿੰਦਰ ਸਿੰਘ ਆਲਮਗੀਰ ਨੇ ਸਾਥੀਆਂ ਸਹਿਤ ਭੇਟ ਕੀਤੇ। ਸਮਾਗਮ ਦੌਰਾਨ ਵੱਡੀ ਗਿਣਤੀ 'ਚ ਜੁੜ ਬੈਠੀ ਸੰਗਤ ਨੂੰ ਬਾਣੀ ਅਤੇ ਬਾਣੇ ਦੇ ਲੜ ਲੱਗਣ ਦੀ ਅਪੀਲ ਕਰਦਿਆਂ ਮੈਨੇਜਰ ਹਰਦੀਪ ਸਿੰਘ ਗਿੱਲ ਚੁਗਾਵਾਂ ਨੇ ਸੰਗਤ ਨੂੰ ਖੰਡੇ ਬਾਟੇ ਦੀ ਪਾਹੁਲ ਛਕ ਕੇ ਤਿਆਰ-ਬਰ-ਤਿਆਰ ਸਿੰਘ ਸੱਜਣ ਦੀ ਭਰਵੀਂ ਅਪੀਲ ਕਰਦਿਆਂ ਦੱਸਿਆ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਗੁਰਦੁਆਰਾ ਆਲਮਗੀਰ ਵਿਖੇ ਸ਼ੁਰੂ ਕੀਤੀ ਗਈ ਹਫਤਾਵਾਰੀ ਕੀਰਤਨ ਦੀ ਲੜੀ ਦੌਰਾਨ ਵੱਡੀ ਗਿਣਤੀ ਵਿਚ ਸੰਗਤ ਦੂਰੋਂ ਨੇੜਿਓਂ ਆ ਕੇ ਗੁਰਬਾਣੀ ਸਰਵਣ ਕਰਕੇ ਜੀਵਨ ਸਫਲਾ ਕਰਦੀ ਹੈ। ਸਮਾਗਮ ਦੌਰਾਨ ਰਿਕਾਰਡ-ਕੀਪਰ ਤਲਵਿੰਦਰ ਸਿੰਘ ਮੁਲਤਾਨੀ, ਮਨਪ੍ਰੀਤ ਸਿੰਘ ਮਣੀ ਖੱਟੜਾ ਰਵਿੰਦਰ ਸਿੰਘ, ਅਮਨਦੀਪ ਸਿੰਘ, ਸਿਕੰਦਰ ਸਿੰਘ ਚੁਬਕੀ, ਜਥੇਦਾਰ ਹਰਿੰਦਰ ਸਿੰਘ ਜੱਸੋਵਾਲ, ਪਰਗਟ ਸਿੰਘ ਗਰੇਵਾਲ ਮੈਡੀਕਲ ਹਾਲ ਆਲਮਗੀਰ ਵਾਲੇ ਸਮੇਤ ਹੋਰ ਸੇਵਾਦਾਰਾਂ ਨੇ ਆਪਣੀਆਂ ਸੇਵਾਵਾਂ ਨੂੰ ਵਧੀਆ ਢੰਗ ਨਾਲ ਨਿਭਾਇਆ।

ਸਾਹਿਤਕ ਅਤੇ ਸਭਿਆਚਾਰਕ ਸੰਸਥਾ 'ਤਹਿਜ਼ੀਬ ਦੀ ਕਲਚਰ ਆਫ਼ ਲਵ' ਵਲੋਂ ਕਰਵਾਏ ਸਮਾਗਮ ਦੌਰਾਨ ਸ਼ਾਇਰ ਮੁਕੇਸ਼ ਆਲਮ ਦੀ ਉਰਦੂ ਗਜ਼ਲਾਂ ਦੀ ਪੁਸਤਕ 'ਇਸ਼ਕ ਤੇਰੀ ਸੁਲਤਾਨੀ ਮੇਂ' ਲੋਕ ਅਰਪਣ ਕਰਦੇ ਹੋਏ ਸੁਸ਼ੀਲ ਗੋਇਲ, ਏ.ਕੇ. ਸ਼ਰਮਾ, ਅਨਿਲ ਭਾਰਤੀ, ਅਸ਼ੋਕ ਧੀਰ ਅਤੇ ਹੋਰ। ਅਜੀਤ ਤਸਵੀਰ

ਸ਼ਾਇਰ ਮੁਕੇਸ਼ ਆਲਮ ਦੀ ਪੁਸਤਕ 'ਇਸ਼ਕ ਤੇਰੀ ਸੁਲਤਾਨੀ ਮੇਂ' ਲੋਕ ਅਰਪਣ

ਲੁਧਿਆਣਾ, 28 ਅਕਤੂਬਰ (ਡਾ. ਤਰਲੋਚਨ ਸਿੰਘ)-ਸਥਾਨਕ ਸਵਾਮੀ ਵਿਵੇਕਾਨੰਦ ਮੈਡੀਟੇਸ਼ਨ ਪਿਰਾਮਿਡ ਵਿਖੇ ਸਾਹਿਤਕ ਅਤੇ ਸਭਿਆਚਾਰਕ ਸੰਸਥਾ 'ਤਹਿਜੀਬ ਦੀ ਕਲਚਰ ਆਫ਼ ਲਵ' ਵਲੋਂ ਇਕ ਸਮਾਗਮ ਕਰਵਾਇਆ ਗਿਆ, ਜਿਸ ਵਿਚ ਪ੍ਰਸਿੱਧ ਉਰਦੂ ਸ਼ਾਇਰ ਮੁਕੇਸ਼ ਆਲਮ ਦੀ ਉਰਦੂ ਗਜ਼ਲਾਂ ਦੀ ਪੁਸਤਕ 'ਇਸ਼ਕ ਤੇਰੀ ਸੁਲਤਾਨੀ ਮੇਂ' ਮੁੱਖ ਮਹਿਮਾਨ ਸੁਸ਼ੀਲ ਗੋਇਲ, ਏ.ਕੇ. ਸ਼ਰਮਾ, ਅਨਿਲ ਭਾਰਤੀ ਅਤੇ ਅਸ਼ੋਕ ਧੀਰ ਵਲੋਂ ਲੋਕ ਅਰਪਣ ਕੀਤੀ ਗਈ। ਸਮਾਗਮ ਦੀ ਸ਼ੁਰੂਆਤ ਤਹਿਜ਼ੀਬ ਦੇ ਮੈਂਬਰਾਂ ਵਲੋਂ ਸ਼ਮ੍ਹਾ ਰੌਸ਼ਨ ਕਰਕੇ ਕੀਤੀ ਗਈ। ਇਸ ਮੌਕੇ ਅਸ਼ੋਕ ਧੀਰ ਨੇ ਆਪਣੀ ਮਿੱਠੀ ਆਵਾਜ਼ 'ਚ ਨਿਦਾ ਫਾਜਲੀ ਦਾ ਗੀਤ 'ਤੂੰ ਇਸ ਤਰ੍ਹਾਂ ਸੇ ਮੇਰੀ ਜ਼ਿੰਦਗੀ ਮੇਂ ਸ਼ਾਮਿਲ ਹੈ' ਗਾ ਕੇ ਸੁਣਾਇਆ। ਇਨ੍ਹਾਂ ਤੋਂ ਇਲਾਵਾ ਅਸਲਮ ਰਾਸ਼ਿਦ, ਅਮਨ ਜੋਸ਼ੀ, ਜਗਜੀਤ ਕਾਫਿਰ, ਅਮਰਦੀਪ ਸਿੰਘ, ਰੇਨੂ ਸਾਹਿਬਾ, ਜਨਾਬ ਫਰਹਤ ਅਹਿਸਾਨ ਨੇ ਵੀ ਆਪੋ ਆਪਣੀ ਸ਼ਾਇਰੀ ਪੇਸ਼ ਕੀਤੀ। ਇਸ ਮੌਕੇ ਰਕੇਸ਼ ਖਰਬੰਦਾ ਅਤੇ ਅਸ਼ੋਕ ਧੀਰ ਨੇ ਆਏ ਹੋਏ ਸ਼ਾਇਰਾਂ ਅਤੇ ਮੁੱਖ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਅਸ਼ੋਕ ਧੀਰ ਨੇ ਦੱਸਿਆ ਕਿ ਸਮਾਗਮ ਨੂੰ ਸੰਪੂਰਨ ਕਰਨ 'ਚ ਪ੍ਰੋ. ਸੁਰਿੰਦਰ ਖੰਨਾ, ਰਜਿੰਦਰ ਸ਼ਰਮਾ, ਮਨੀਸ਼ ਕੱਕੜ ਦਾ ਯੋਗਦਾਨ ਅਹਿਮ ਰਿਹਾ। ਸਮਾਗਮ ਵਿਚ ਮਨਦੀਪ ਲੁਧਿਆਣਵੀ, ਰਜਿੰਦਰ ਗਗਨ, ਵਰਿੰਦਰ ਜੀਤਵਾਨੀ, ਰਮੇਸ਼ ਚੰਦ, ਸ਼ਕੁੰਤਲਾ ਸੂਦ, ਲੀਨਾ ਭਾਰਤੀ, ਸੁਨੀਤਾ ਸੂਦ, ਰਾਜੀਵ ਵਰਮਾ ਆਦਿ ਵੀ ਹਾਜ਼ਰ ਸਨ।

ਸੀਸੂ ਵਲੋਂ ਸਰਕਾਰ ਨੂੰ ਹਲਵਾਰਾ ਹਵਾਈ ਅੱਡੇ ਨੂੰ ਬਿਨਾਂ ਕਿਸੇ ਦੇਰੀ ਚਾਲੂ ਕਰਨ ਦੀ ਅਪੀਲ

ਲੁਧਿਆਣਾ, 28 ਅਕਤੂਬਰ (ਜਤਿੰਦਰ ਭੰਬੀ)-ਚੈਂਬਰ ਆਫ਼ ਇੰਡਸਟਰੀਅਲ ਐਂਡ ਕਮਰਸ਼ੀਅਲ ਅੰਡਰਟੇਕਿੰਗਜ਼ (ਸੀਸੂ) ਨੇ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਨੂੰ ਹਲਵਾਰਾ ਹਵਾਈ ਅੱਡੇ ਨੂੰ ਜਲਦੀ ਤੋਂ ਜਲਦੀ ਚਾਲੂ ਕਰਨ ਦੀ ਅਪੀਲ ਕੀਤੀ ਹੈ। ਇਹ ਪ੍ਰੋਜੈਕਟ ਲੰਬੇ ਸਮੇਂ ਤੋਂ ਲਟਕਿਆ ਹੋਇਆ ਹੈ, ਜਿਸ ਕਾਰਨ ਲੁਧਿਆਣਾ ਅਤੇ ਆਲੇ-ਦੁਆਲੇ ਦੇ ਉਦਯੋਗਿਕ ਖੇਤਰਾਂ ਦੇ ਵਪਾਰਕ ਭਾਈਚਾਰੇ ਅਤੇ ਆਮ ਲੋਕਾਂ ਨੂੰ ਕਾਫ਼ੀ ਅਸੁਵਿਧਾ ਹੋ ਰਹੀ ਹੈ। ਸੀਸੂ ਨੇ ਕਿਹਾ ਕਿ ਉਦਯੋਗ ਹਲਵਾਰਾ ਹਵਾਈ ਅੱਡੇ ਤੋਂ ਵਪਾਰਕ ਉਡਾਣ ਸੰਚਾਲਨ ਦੀ ਬੇਸਬਰੀ ਨਾਲ ਉਡੀਕ ਕਰ ਰਿਹਾ ਹੈ, ਜੋ ਨਿਰਯਾਤਕਾਂ, ਉਦਮੀਆਂ ਅਤੇ ਨਿਵੇਸ਼ਕਾਂ ਲਈ ਮਹੱਤਵਪੂਰਨ ਹਵਾਈ ਸੰਪਰਕ ਪ੍ਰਦਾਨ ਕਰੇਗਾ। ਪੰਜਾਬ ਦੇ ਉਦਯੋਗਿਕ ਕੇਂਦਰ ਵਿਚ ਇਕ ਕਾਰਜਸ਼ੀਲ ਹਵਾਈ ਅੱਡੇ ਦੀ ਘਾਟ ਕਾਰੋਬਾਰੀ ਵਿਕਾਸ, ਯਾਤਰਾ ਸਹੂਲਤ ਅਤੇ ਨਿਵੇਸ਼ ਦੇ ਮੌਕਿਆਂ ਵਿਚ ਰੁਕਾਵਟ ਪਾ ਰਹੀ ਹੈ। ਸੀਸੂ ਦੇ ਪ੍ਰਧਾਨ ਉਪਕਾਰ ਸਿੰਘ ਆਹੂਜਾ ਨੇ ਕਿਹਾ ਕਿ ਹਲਵਾਰਾ ਹਵਾਈ ਅੱਡਾ ਲੁਧਿਆਣਾ ਦੇ ਉਦਯੋਗਿਕ ਖੇਤਰ ਲਈ ਰਣਨੀਤਕ ਮਹੱਤਵ ਰੱਖਦਾ ਹੈ। ਜਲਦੀ ਸੰਚਾਲਨ ਨਾ ਸਿਰਫ਼ ਉਦਯੋਗਪਤੀਆਂ ਲਈ ਯਾਤਰਾ ਨੂੰ ਸੌਖਾ ਬਣਾਏਗਾ ਬਲਕਿ ਨਵੇਂ ਨਿਵੇਸ਼ਕਾਂ ਨੂੰ ਪੰਜਾਬ ਵੱਲ ਆਕਰਸ਼ਿਤ ਕਰੇਗਾ, ਜਿਸ ਨਾਲ ਖੇਤਰ ਦੀ ਆਰਥਿਕ ਮੁਕਾਬਲੇਬਾਜ਼ੀ ਮਜ਼ਬੂਤ ਹੋਵੇਗੀ। ਸੀਸੂ ਦੇ ਪ੍ਰਬੰਧਕੀ ਸਕੱਤਰ ਜਸਵਿੰਦਰ ਭੋਗਲ ਨੇ ਕਿਹਾ ਕਿ ਉਦਯੋਗਿਕ ਵਿਸਥਾਰ ਅਤੇ ਵਿਸ਼ਵ-ਵਿਆਪੀ ਸੰਪਰਕ ਲਈ ਹਵਾਈ ਸੰਪਰਕ ਇਕ ਮਹੱਤਵਪੂਰਨ ਸਾਧਨ ਹੈ। ਸਰਕਾਰ ਨੂੰ ਪੰਜਾਬ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਰਹੇ ਉਦਮੀਆਂ ਅਤੇ ਐਮ.ਐਸ.ਐਮ.ਈਜ ਦੀ ਸਹਾਇਤਾ ਲਈ ਜਲਦੀ ਤੋਂ ਜਲਦੀ ਹਲਵਾਰਾ ਤੋਂ ਉਡਾਣ ਸੰਚਾਲਨ ਸ਼ੁਰੂ ਕਰਨ ਲਈ ਸਰਗਰਮ ਕਦਮ ਚੁੱਕਣੇ ਚਾਹੀਦੇ ਹਨ।

ਉਪਕਾਰ ਸਿੰਘ ਆਹੂਜਾ

ਜਸਵਿੰਦਰ ਭੋਗਲ

ਦਿਆਨੰਦ ਹਸਪਤਾਲ ਵਿਖੇ ਮਨਾਏ ਇੰਟਰਨੈਸ਼ਨਲ ਇਨਫੈਕਸ਼ਨ ਪ੍ਰੀਵੈਂਸ਼ਨ ਹਫ਼ਤੇ ਦੀ ਸ਼ਮ੍ਹਾ ਰੌਸ਼ਨ ਦੌਰਾਨ ਮੁਕੇਸ਼ ਵਰਮਾ, ਪ੍ਰਿੰਸੀਪਲ ਡਾ. ਜੀ.ਐਸ. ਵਾਂਡਰ ਅਤੇ ਹੋਰ। ਅਜੀਤ ਤਸਵੀਰ

ਦਿਆਨੰਦ ਹਸਪਤਾਲ ਵਿਖੇ ਇੰਟਰਨੈਸ਼ਨਲ ਇਨਫੈਕਸ਼ਨ ਪ੍ਰੀਵੈਂਸ਼ਨ ਹਫ਼ਤਾ ਮਨਾਇਆ

ਲੁਧਿਆਣਾ, 28 ਅਕਤੂਬਰ (ਡਾ. ਤਰਲੋਚਨ ਸਿੰਘ)-ਦਿਆਨੰਦ ਹਸਪਤਾਲ ਨੇ ਇੰਟਰਨੈਸ਼ਨਲ ਇਨਫੈਕਸ਼ਨ ਪ੍ਰੀਵੈਂਸ਼ਨ ਹਫ਼ਤੇ ਨੂੰ ਮਨਾਉਂਦਿਆਂ ਸਿਹਤ ਖੇਤਰ ਅਤੇ ਸਮਾਜਿਕ ਪੱਧਰ 'ਤੇ ਸੰਕਰਮਣ ਰੋਕਥਾਮ ਦੀ ਮਹੱਤਤਾ ਬਾਰੇ ਜਾਗਰੂਕਤਾ ਫੈਲਾਉਣ ਲਈ ਵਿਸ਼ਵ ਪੱਧਰੀ ਮੁਹਿੰਮ ਵਿਚ ਹਿੱਸਾ ਲਿਆ। ਇਸ ਸਾਲ ਦਾ ਵਿਸ਼ਾ ਸਟੈਂਡ ਅੱਪ ਫ਼ਾਰ ਇਨਫੈਕਸ਼ਨ ਪ੍ਰੀਵੈਂਸ਼ਨ "ਯੂਨਿਟ, ਪ੍ਰੀਵੈਂਟ, ਪ੍ਰੋਟੈਕਟ, ਪ੍ਰੀਵੇਲ ਸੀ", ਜੋ ਇਹ ਯਾਦ ਦਿਵਾਉਂਦਾ ਹੈ ਕਿ ਸੰਕਰਮਣ ਰੋਕਥਾਮ ਹਰ ਵਿਅਕਤੀ ਦੀ ਸਾਂਝੀ ਜ਼ਿੰਮੇਵਾਰੀ ਹੈ। ਹਸਪਤਾਲ ਦੇ ਮਾਈਕ੍ਰੋਬਾਇਓਲੋਜੀ ਵਿਭਾਗ ਅਤੇ ਇਨਫੈਕਸ਼ਨ ਪ੍ਰੀਵੈਂਸ਼ਨ ਐਂਡ ਕੰਟਰੋਲ ਕਮੇਟੀ ਵਲੋਂ ਹਸਪਤਾਲ ਇਨਫੈਕਸ਼ਨ ਕੰਟਰੋਲ ਸੁਸਾਇਟੀ ਆਫ਼ ਇੰਡੀਆ ਅਤੇ ਆਈ.ਏ.ਐਮ.ਐਮ. ਦੇ ਨਾਰਥ-ਵੈਸਟ ਚੈਪਟਰ ਦੇ ਸਹਿਯੋਗ ਨਾਲ ਪਿਛਲੇ ਦਹਾਕੇ ਤੋਂ ਵੱਧ ਸਮੇਂ ਤੋਂ ਇਸ ਹਫ਼ਤੇ ਨੂੰ ਉਤਸ਼ਾਹ ਨਾਲ ਮਨਾਇਆ ਜਾ ਰਿਹਾ ਹੈ। ਡਾ. ਵੀਨੂ ਗੁਪਤਾ ਮੁਖੀ ਮਾਈਕ੍ਰੋਬਾਇਓਲੋਜੀ ਵਿਭਾਗ ਦੀ ਅਗਵਾਈ ਹੇਠ ਇਸ ਸਾਲ ਕਈ ਸਿੱਖਿਆਤਮਕ ਗਤੀਵਿਧੀਆਂ ਕੀਤੀਆਂ ਗਈਆਂ, ਜਿਨ੍ਹਾਂ ਦਾ ਉਦੇਸ਼ ਸੰਕਰਮਣ ਰੋਕਥਾਮ ਦੇ ਅਭਿਆਸਾਂ ਨੂੰ ਉਤਸ਼ਾਹਿਤ ਕਰਨਾ ਸੀ। ਬਿਪਿਨ ਗੁਪਤਾ, ਸੈਕਟਰੀ ਮੈਨੇਜਿੰਗ ਸੁਸਾਇਟੀ ਨੇ ਮਾਈਕ੍ਰੋਬਾਇਓਲੋਜੀ ਵਿਭਾਗ ਅਤੇ ਆਈ.ਪੀ.ਸੀ.ਸੀ. ਦੇ ਮੈਂਬਰਾਂ ਦੇ ਹਸਪਤਾਲ ਵਿਚ ਸੁਰੱਖਿਆ ਸੰਸਕ੍ਰਿਤੀ ਨੂੰ ਉਤਸ਼ਾਹਿਤ ਕਰਨ ਲਈ ਕੀਤੇ ਯਤਨਾਂ ਦੀ ਸਰਾਹਨਾ ਕੀਤੀ। ਇਸ ਹਫ਼ਤੇ ਦੌਰਾਨ "ਇਨਫੈਕਸ਼ਨ ਕੰਟਰੋਲ ਚੈਂਪੀਅਨਜ਼: ਬਿਲਡਿੰਗ ਏ ਸੇਫਰ ਹੈਲਥ ਕੇਅਰ ਇਨ ਵਾਇਰਨਮੈਂਟਲ ਟੂਗੈਦਰ" ਵਿਸ਼ੇ 'ਤੇ ਸੈਮੀਨਾਰ ਕਰਵਾਇਆ ਗਿਆ, ਜਿਸ ਵਿਚ ਮੁਕੇਸ਼ ਵਰਮਾ, ਪ੍ਰਿੰਸੀਪਲ ਡਾ. ਜੀ.ਐਸ. ਵਾਂਡਰ ਅਤੇ ਡਾ. ਅਸ਼ਵਨੀ ਕੇ. ਚੌਧਰੀ ਨੇ ਸ਼ਿਰਕਤ ਕੀਤੀ। ਸੈਸ਼ਨ ਦੌਰਾਨ ਡਾ. ਸ਼ਿਰਤ ਸ਼ਰਮਾ, ਡਾ. ਵਿਵੇਕ ਗੁਪਤਾ, ਡਾ. ਵੀਨੂ ਗੁਪਤਾ ਅਤੇ ਡਾ. ਗੁੰਚਨ ਪੌਲ ਵਲੋਂ ਮਹੱਤਵਪੂਰਨ ਵਿਸ਼ਿਆਂ 'ਤੇ ਭਾਸ਼ਣ ਦਿੱਤੇ ਗਏ। ਇੰਟਰਨਜ਼ ਅਤੇ ਨਰਸਿੰਗ ਵਿਦਿਆਰਥੀਆਂ ਵਲੋਂ ਨੀਡਲ ਸਟਿਕ ਇੰਜਰੀ ਪ੍ਰੀਵੈਂਸ਼ਨ 'ਤੇ ਨਾਟਕ ਅਤੇ ਹੈਂਡ ਹਾਈਜੀਨ ਡਾਂਸ ਪੇਸ਼ ਕੀਤਾ ਗਿਆ। ਡਾ. ਵੀਨੂ ਗੁਪਤਾ ਨੇ ਬੀ.ਐਸ.ਸੀ., ਐਮ.ਐਲ.ਟੀ. ਵਿਦਿਆਰਥੀਆਂ ਲਈ ਇਕ ਜਾਗਰੂਕਤਾ ਭਾਸ਼ਣ ਦਿੱਤਾ, ਜਿਸ ਵਿਚ ਮਰੀਜ਼ਾਂ ਦੀ ਸੁਰੱਖਿਆ ਅਤੇ ਸਿਹਤ ਪ੍ਰਣਾਲੀ ਦੇ ਨਤੀਜਿਆਂ 'ਤੇ ਇਨਫੈਕਸ਼ਨ ਪ੍ਰੀਵੈਂਸ਼ਨ ਦੇ ਸਿੱਧੇ ਪ੍ਰਭਾਵ 'ਤੇ ਰੌਸ਼ਨੀ ਪਾਈ। ਇਸ ਹਫ਼ਤੇ ਦੀ ਸਮਾਪਤੀ 'ਤੇ ਰੈਜੀਡੈਂਟਸ ਲਈ ਇਨਫੈਕਸ਼ਨ ਕੰਟਰੋਲ ਪ੍ਰੈਕਟਿਸਜ਼ 'ਤੇ ਸੈਂਟਰਲ ਸੈਸ਼ਨ ਕੀਤਾ ਗਿਆ, ਜਿਸ ਦੀ ਪ੍ਰਧਾਨਗੀ ਡਾ. ਅਸ਼ਵਨੀ ਚੌਧਰੀ ਅਤੇ ਡਾ. ਪੀ.ਐਲ. ਗੌਤਮ ਨੇ ਕੀਤੀ। ਇਸ ਤੋਂ ਇਲਾਵਾ ਐਮ.ਬੀ.ਬੀ.ਐਸ.-2024 ਬੈਚ ਲਈ ਇੰਟਰਐਕਟਿਵ ਕੁਇਜ਼ ਮੁਕਾਬਲੇ ਕਰਵਾਏ ਗਏ ਅਤੇ ਜੇਤੂਆਂ ਨੂੰ ਸਨਮਾਨਿਤ ਕੀਤਾ ਗਿਆ। ਇਹ ਹਫ਼ਤਾ ਡਾਕਟਰਾਂ, ਨਰਸਿੰਗ ਸਟਾਫ਼, ਪੈਰਾਮੈਡੀਕਲ ਪ੍ਰੋਫੈਸ਼ਨਲਜ਼ ਅਤੇ ਵਿਦਿਆਰਥੀਆਂ ਦੀ ਉਤਸ਼ਾਹਪੂਰਨ ਭਾਗੀਦਾਰੀ ਨਾਲ ਸਮਾਪਤ ਹੋਇਆ।

ਪ੍ਰਦੂਸ਼ਣ ਅਤੇ ਵਾਇਰਸਾਂ ਦੇ ਫੈਲਣ ਨਾਲ ਨਮੂਨੀਆ ਦੇ ਮਾਮਲੇ ਤੇਜ਼ੀ ਨਾਲ ਵਧਦੇ ਹਨ-ਡਾ. ਕਸ਼ਿਸ਼ ਦੱਤਾ

ਲੁਧਿਆਣਾ, 28 ਅਕਤੂਬਰ (ਡਾ. ਤਰਲੋਚਨ ਸਿੰਘ)-ਅਕਤੂਬਰ ਮਹੀਨਾ ਉੱਤਰੀ ਭਾਰਤ 'ਚ ਸਾਹ ਦੀਆਂ ਬਿਮਾਰੀਆਂ ਵੱਧਣ ਦਾ ਸਮਾਂ ਹੁੰਦਾ ਹੈ। ਠੰਢਾ ਮੌਸਮ, ਵਧਦਾ ਪ੍ਰਦੂਸ਼ਣ ਅਤੇ ਵਾਇਰਸਾਂ ਦੇ ਫੈਲਣ ਨਾਲ ਨਮੂਨੀਆ ਦੇ ਮਾਮਲੇ ਤੇਜ਼ੀ ਨਾਲ ਵਧਦੇ ਹਨ। ਇਸ ਕਰਕੇ ਬਜ਼ੁਰਗਾਂ ਅਤੇ ਕਮਜ਼ੋਰ ਸਿਹਤ ਵਾਲੇ ਲੋਕਾਂ ਨੂੰ ਹਸਪਤਾਲ ਜਾਂ ਆਈ.ਸੀ.ਯੂ ਵਿਚ ਦਾਖਲ ਕਰਨਾ ਪੈਂਦਾ ਹੈ। ਉਕਤ ਜਾਣਕਾਰੀ ਦਿੰਦਿਆਂ ਫੋਰਟਿਸ ਹਸਪਤਾਲ ਦੇ ਪਲਮੋਨੋਲੋਜਿਸਟ ਸਲਾਹਕਾਰ ਡਾ. ਕਸ਼ਿਸ਼ ਦੱਤਾ ਨੇ ਕਿਹਾ ਕਿ ਟੀਕਾਕਰਨ ਇਸ ਤੋਂ ਬਚਾਅ ਦਾ ਸਭ ਤੋਂ ਵਧੀਆ ਤਰੀਕਾ ਹੈ। ਨਮੂਨੀਆ ਦੇ ਟੀਕੇ ਜਿਨ੍ਹਾਂ ਵਿਚ ਪੀ.ਸੀ.ਵੀ-13, ਪੀ.ਸੀ.ਵੀ-20 ਅਤੇ ਪੀ.ਪੀ.ਐਸ. ਵੀ-23 ਹਨ, ਉਹ ਬੈਕਟੀਰੀਆ ਤੋਂ ਸੁਰੱਖਿਆ ਦਿੰਦੇ ਹਨ ਜੋ ਨਮੂਨੀਆ ਪੈਦਾ ਕਰਦਾ ਹੈ। ਇਹ ਟੀਕੇ 60 ਸਾਲ ਤੋਂ ਉਪਰ ਦੇ ਲੋਕਾਂ ਜਿਨ੍ਹਾਂ ਨੂੰ ਦਮਾ, ਸ਼ੂਗਰ, ਦਿਲ ਦੀ ਬਿਮਾਰੀ ਜਾਂ ਕਮਜ਼ੋਰ ਰੋਗ-ਰੋਧਕ ਤਾਕਤ ਹੈ, ਉਨ੍ਹਾਂ ਲਈ ਖਾਸ ਸਿਫਾਰਸ਼ ਕੀਤੇ ਜਾਂਦੇ ਹਨ। ਇਸੇ ਤਰ੍ਹਾਂ ਫਲੂ ਦਾ ਟੀਕਾ ਵੀ ਮਹੱਤਵਪੂਰਨ ਹੈ। ਇਹ ਫਲੂ ਨਾਲ ਹੋਣ ਵਾਲੇ ਨਮੂਨੀਆ ਅਤੇ ਹਸਪਤਾਲ ਦਾਖਲਿਆਂ ਨੂੰ ਘਟਾਉਂਦਾ ਹੈ। ਇਹ ਟੀਕੇ ਭਾਰਤ ਵਿਚ ਉਪਲਬਧ ਹਨ ਅਤੇ ਇਨ੍ਹਾਂ ਨੂੰ ਹਰ ਸਾਲ ਲਗਵਾਉਣ ਦੀ ਸਲਾਹ ਦਿੱਤੀ ਜਾਂਦੀ ਹੈ, ਖਾਸ ਕਰਕੇ ਬੁਜ਼ੁਰਗਾਂ, ਦਿਲ ਜਾਂ ਫੇਫੜਿਆਂ ਦੀ ਬੀਮਾਰੀ ਵਾਲੇ ਮਰੀਜ਼ਾਂ, ਗਰਭਵਤੀ ਔਰਤਾਂ ਅਤੇ ਡਾਕਟਰਾਂ ਜਾਂ ਹੈਲਥ ਵਰਕਰਾਂ ਲਈ। ਡਾ. ਕਸ਼ਿਸ਼ ਦੱਤਾ ਨੇ ਕਿਹਾ ਕਿ ਹਰ ਅਕਤੂਬਰ ਦੇ ਮਹੀਨੇ ਨਮੂਨੀਆ ਦੇ ਮਾਮਲੇ ਵੱਧਦੇ ਹਨ ਜਿਨ੍ਹਾਂ ਲਈ ਨਮੂਨੀਆ ਅਤੇ ਫਲੂ ਦੇ ਟੀਕੇ ਸੁਰੱਖਿਅਤ ਹਨ।

ਸੰਤ ਬਾਬਾ ਟਿੱਬੇ ਵਾਲਿਆਂ ਦੀ ਦੂਜੀ ਬਰਸੀ ਮੌਕੇ ਸਮਾਗਮ 2 ਨੂੰ

ਲੁਧਿਆਣਾ, 28 ਅਕਤੂਬਰ (ਪਰਮਿੰਦਰ ਸਿੰਘ ਆਹੂਜਾ)-ਸੰਤ ਬਾਬਾ ਸੁਖਵਿੰਦਰ ਸਿੰਘ ਟਿੱਬੇ ਵਾਲਿਆਂ ਦੀ ਦ